# ਬੱਚੇ ਉਡਦੇ ਨਹੀਂ

## ਖਿੜਕੀਆਂ ਅਤੇ ਬਾਲਕਨੀਆਂ ਤੋਂ ਡਿੱਗਣ ਦਾ ਬਚਾ ਕਰੋ

## ਖਿੜਕੀਆਂ ਅਤੇ ਬਾਲਕਨੀਆਂ ਤੋਂ ਸੁਰੱਖਿਆ ਦੀ ਮਿਲਾਨ-ਸੂਚੀ (ਚੈਕ-ਲਿਸਟ)

**ਸਮੇਂ ਵਿੱਚ ਬਿਲਡਿੰਗ ਕੋਡ ਆਫ ਆਸਟਰੇਲੀਆ ਖਿੜਕੀਆਂ ਅਤੇ ਜੰਗਲਿਆਂ (balustrades) ਵਿੱਚ ਵੱਧ ਤੋਂ ਵੱਧ 12.5 ਸੈਂਟੀ ਮੀਟਰ ਦੀ ਵਿੱਥ ਦੀ ਇਜਾਜ਼ਤ ਦਿੰਦਾ ਹੈ (ਜਿਥੇ ਨਿਯੰਤ੍ਰਿਤ ਕੀਤਾ ਹੋਵੇ)। ਕਿਰਪਾ ਕਰਕੇ ਨੋਟ ਕਰੋ ਕਿ ਪੁਰਾਣੀਆਂ ਇਮਾਰਤਾਂ ਦੀਆਂ ਖਿੜਕੀਆਂ ਅਤੇ ਜੰਗਲਿਆਂ ਵਿੱਚਲੀਆਂ ਵਿੱਥਾਂ ਸਬੰਧਿਤ ਕੋਈ ਕਾਨੂੰਨ ਨਹੀਂ ਹੈ ਜੋ ਅਜੋਕੇ ਬਿਲਡਿੰਗ ਮਿਆਰਾਂ ਅਨੁਸਾਰ ਉਨ੍ਹਾਂ ਉਪਰ ਢੁੱਕਦਾ ਹੋਵੇ।**

| ਹਾਂ | ਨਹੀਂ | ਖਿੜਕੀਆਂ ਦੀ ਸੁਰੱਖਿਆ |
|---|---|---|
| ☐ | ☐ | ਕੀ ਹੇਠਲੀ ਮੰਜ਼ਲ ਤੋਂ ਉਪਰਲੀਆਂ ਸਾਰੀਆਂ ਮੰਜ਼ਲਾਂ ਦੀਆਂ ਖਿੜਕੀਆਂ ਨੂੰ ਗਾਰਡ/ਕੁੰਡੀਆਂ/ਤਾਲੇ ਲੱਗੇ ਹੋਏ ਹਨ ਤਾਂ ਜੋ ਖਿੜਕੀਆਂ ਨੂੰ 12.5 ਸੈਂਟੀ ਮੀਟਰ ਦੀ ਵਿੱਥ ਤੋਂ ਵੱਧੇਰੇ ਨਾ ਖੋਲਿਆ ਜਾ ਸੱਕੇ? |
| ☐ | ☐ | ਜਿੱਥੇ ਸੰਭਵ ਹੋਵੇ, ਕੀ ਤੁਸੀਂ ਖਿੜਕੀਆਂ ਨੂੰ ਉਪਰ ਵਲੋਂ ਖੋਲਦੇ ਹੋ? |
| ☐ | ☐ | ਕੀ ਤੁਹਾਨੂੰ ਪਤਾ ਹੈ ਕਿ ਮੱਖੀਆਂ ਰੋਕਣ ਵਾਲੀ ਜਾਲੀ (flyscreen) ਇਨ੍ਹੀ ਮਜ਼ਬੂਤ ਨਹੀਂ ਹੁੰਦੀ ਕਿ ਉਹ ਕਿਸੇ ਬੱਚੇ ਨੂੰ ਖਿੜਕੀ ਵਿੱਚੋਂ ਡਿੱਗਣ ਤੋਂ ਰੋਕ ਸੱਕੇ? |
| ☐ | ☐ | ਕੀ ਮੰਜੇ ਅਤੇ ਹੋਰ ਸਮਾਨ (furniture) ਖਿੜਕੀਆਂ ਤੋਂ ਦੂਰ ਰੱਖਿਆ ਹੈ ਤਾਂ ਜੋ ਬੱਚੇ ਖਿੜਕੀਆਂ ਉਪਰ ਨਾ ਚੜ੍ਹ ਸੱਕਣ? |
| ☐ | ☐ | ਕੀ ਹਮੇਸ਼ਾਂ ਬੱਚਿਆਂ ਤੇ ਨਿਗਰਾਨੀ ਰੱਖੀ ਜਾਂਦੀ ਹੈ ਜਦੋਂ ਉਹ ਖਿੜਕੀਆਂ ਦੇ ਨੇੜੇ ਹੁੰਦੇ ਹਨ? |
| ☐ | ☐ | ਕੀ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਖਿੜਕੀਆਂ ਤੋਂ ਦੂਰ ਖੇਡਣ |



| | | ਬਾਲਕਨੀ ਅਤੇ ਜੰਗਲਿਆਂ ਦੀ ਸੁਰੱਖਿਆ |
|---|---|---|
| ☐ | ☐ | ਕੀ ਬਾਲਕਨੀ ਦੀ ਵਰਤੋਂ ਨਾ ਹੋਣ ਸਮੇਂ ਦਰਵਾਜੇ ਅਤੇ ਖਿੜਕੀਆਂ ਤਾਲੇ ਨਾਲ ਬੰਦ ਹੁੰਦੀਆਂ ਹਨ? |
| ☐ | ☐ | ਕੀ ਬਾਲਕਨੀਆਂ ਦੇ ਜੰਗਲੇ (railings) ਦੀ ਉਚਾਈ ਘੱਟੋ ਘੱਟ 1 ਮੀਟਰ ਹੈ? |
| ☐ | ☐ | ਕੀ ਬਾਲਕਨੀ ਦੇ ਜੰਗਲੇ ਵਿੱਚਲੀ ਵਿੱਥ 12.5 ਸੈਂਟੀਮੀਟਰ ਤੋਂ ਜ਼ਿਆਦਾਂ ਤਾਂ ਨਹੀਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸੱਕੇ ਕਿ ਬੱਚੇ ਉਸ ਵਿੱਚ ਦੀ ਡਿੱਗ ਨਾ ਪੈਣ। |
| ☐ | ☐ | ਜੰਗਲੇ ਵਿੱਚ ਕੋਈ ਲੇਟਵੀਆਂ ਜਾਂ ਲੇਟਵੀਂ ਤਰ੍ਹਾਂ ਦੀਆਂ (horizontal or near horizontal) ਸੀਖਾਂ ਤਾਂ ਨਹੀਂ ਹਨ ਜਿਸ ਨਾਲ ਬੱਚੇ ਉਪਰਲੀ ਸੀਖ ਤੱਕ ਚੜ੍ਹ ਸੱਕਣ। |
| ☐ | ☐ | ਕੀ ਫਰਨੀਚਰ, ਫੁਲਾਂ ਦੇ ਗਮਲੇ, ਅਤੇ ਹੋਰ ਚੜ੍ਹਨ ਵਾਲੀਆਂ ਵਸਤਾਂ ਬਾਲਕਨੀ ਦੀ ਹੱਦ ਤੋਂ ਦੂਰ ਰੱਖੀਆਂ ਜਾਂਦੀਆਂ ਹਨ? (ਹਲਕਾ ਫਰਨੀਚਰ ਜਿਸ ਨੂੰ ਬੱਚੇ ਧੂਹ ਕੇ ਹੱਦ ਤੱਕ ਘੜੀਸ ਸੱਕਦੇ ਹਨ ਬਾਰੇ ਜਾਗਰੂਕ ਰਹਿਣਾ) |
| ☐ | ☐ | ਕੀ ਤੁਸੀਂ ਆਪਣੇ ਜੰਗਲੇ ਨੂੰ ਚੈਕ ਕੀਤਾ ਹੈ ਕਿ ਉਹ ਸੁਰੱਖਿਅਤ ਅਤੇ ਠੀਕ ਠਾਕ ਹੈ? |
| ☐ | ☐ | ਕੀ ਬਾਲਕਨੀ ਤੇ ਹੋਣ ਸਮੇਂ ਬੱਚਿਆਂ ਤੇ ਨਿਗਰਾਨੀ ਰੱਖੀ ਜਾਂਦੀ ਹੈ? |



**ਜੇ ਤੁਸੀਂ ਉਪਰਲੇ ਕਿਸੇ ਕਿਸੇ ਵੀ ਸਵਾਲ ਦਾ ਜਵਾਬ "ਨਹੀਂ" ਵਿੱਚ ਦਿੱਤਾ ਹੈ, ਤਾਂ ਤੁਹਾਡੇ ਬੱਚੇ ਦੇ ਗੰਭੀਰ ਤਰ੍ਹਾਂ ਡਿੱਗਣ ਦਾ ਡਰ ਹੈ।**

NSW

**ਵਧੇਰੇ ਜਾਣਕਾਰੀ ਅਤੇ ਅਨੁਵਾਦ ਲਈ, ਵੇਖੋ:**
**www.health.nsw.gov.au/childsafety**

the children's hospital at Westmead

November 2012 © NSW Health SHPN Language (CPH) 120337